# ਪਰਵਾਸੀ ਪੰਜਾਬੀ ਕਹਾਣੀ : ਸਭਿਆਚਾਰਕ ਤਨਾਉ

(ਡਾ.) ਪ੍ਰੈਟੀ ਸੋਢੀ*

ਪਰਵਾਸੀ ਪੰਜਾਬੀ ਕਹਾਣੀ (1995 ਈ.) ਡਾ. ਸੁਰਿੰਦਰਪਾਲ ਸਿੰਘ ਦੁਆਰਾ ਸੰਪਾਦਿਤ ਪਰਵਾਸੀ ਸਰੋਕਾਰਾਂ ਨਾਲ ਸੰਬੰਧਿਤ ਅਜਿਹੀ ਪੁਸਤਕ ਹੈ ਜਿਸ ਵਿੱਚ 15 ਕਹਾਣੀਕਾਰਾਂ ਦੀਆਂ ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ । ਇਨ੍ਹਾਂ ਵਿੱਚੋਂ ਤਰਸੇਮ ਨੀਲਗਿਰੀ ਜਗਜੀਤ ਬਰਾੜ, ਰਾਣੀ ਨਗੇਂਦਰ , ਡਾ. ਸਾਧੂ ਸਿੰਘ , ਸੁਰਜੀਤ ਕਲਸੀ , ਸ਼ਿਵਚਰਨ ਗਿੱਲ ਤੇ ਰਵਿੰਦਰ ਰਵੀ ਆਦਿ ਅਮਰੀਕਾ, ਕਨੇਡਾ ਆਦਿ ਦੇਸ਼ਾਂ ਨਾਲ ਜੁੜੇ ਹੋਏ ਹਨ । ਆਰੰਭਿਕਾ ਵਿੱਚ ਸੰਪਾਦਕ ਦੇ ਲਫ਼ਜ ਹਨ:

> ਇਹ ਕਿਹਾ ਜਾ ਸਕਦਾ ਕਿ ਵੱਖ-2 ਦੇਸ਼ਾਂ ਵਿੱਚ ਰਚੀ ਜਾ ਰਹੀ ਕਹਾਣੀ ਭੂਗੋਲਿਕ ਵਖਰੇਵੇਂ ਦੇ ਬਾਵਜੂਦ ਇੱਕ ਸਾਂਝੇ ਕੇਂਦਰ ਬਿੰਦੂ ਨਾਲ ਜੁੜੀ ਹੋਈ ਹੈ ।ਇਹ ਕੇਂਦਰੀ ਬਿੰਦੂ ਪਰਵਾਸੀ ਚੇਤਨਾ ਹੈ । ਇਸ ਲਈ ਬਦੇਸ਼ੀ ਪੰਜਾਬੀ ਕਹਾਣੀ ਵਿੱਚ ਪਰਵਾਸੀ ਚੇਤਨਾ ਦੇ ਤੱਤ ਪ੍ਰਭਾਵਸ਼ਾਲੀ ਰੂਪ ਵਿੱਚ ਪ੍ਰਾਪਤ ਹੁੰਦੇ ਹਨ । [1]

ਸੋ ਸਪੱਸ਼ਟ ਹੈ ਕਿ ਇਸ ਪੁਸਤਕ ਵਿੱਚ ਸ਼ਾਮਿਲ ਕਹਾਣੀਆਂ ਦਾ ਮਨੋਰਥ ਪਰਵਾਸੀ ਜੀਵਨ ਦੀਆਂ ਜਟਿਲਤਾਵਾਂ ਨੂੰ ਸਹੀ ਪਰਿਪੇਖ ਅਤੇ ਵਿਭਿੰਨ ਮਾਨਵੀ ਪਰਿਸਥਿਤੀਆਂ ਦੇ ਅੰਤਰਗਤ ਪੇਸ਼ ਕਰਨਾ ਹੈ । ਇਨ੍ਹਾਂ ਜਟਿਲਤਾਵਾਂ ਵਿੱਚੋਂ ਮੁੱਖ ਸਮੱਸਿਆ ਜੋ ਪਰਵਾਸ ਧਾਰਨ ਕਰ ਚੁੱਕੇ ਲੋਕਾਂ ਦੇ ਸਨਮੁੱਖ ਆਉਦੀ ਹੈ ਉਹ ਹੈ ਸਭਿਆਚਾਰਕ ਤਨਾਉ ਜਿਸ ਦੀ ਪ੍ਰਤੱਖ ਤਸਵੀਰ ਇਨ੍ਹਾਂ ਕਹਾਣੀਆਂ ਵਿੱਚ ਰੂਪਮਾਨ ਹੁੰਦੀ ਹੈ ।

ਸਭਿਆਚਾਰਕ ਤਨਾਉ (Cultural Tension) ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਵਿੱਚ ਮਨੁੱਖ ਸਮਾਜਿਕ ਪਰਿਵੇਸ਼ ਵੱਲ ਰੁਚਿਤ ਹੁੰਦਾ ਹੈ । ਤਨਾਉ ਦੀ ਸਥਿਤੀ ਦਰਅਸਲ ਬਾਹਰਮੁਖੀ ਸਮਾਜਿਕ ਵਿਰੋਧਾਂ ਦਾ ਮਾਨਸਿਕ ਪ੍ਰਤਿਬਿੰਬਤ ਹੁੰਦੀ ਹੈ । ਸਮਾਜ ਵਿਗਿਆਨੀਆਂ ਨੇ ਸਭਿਆਚਾਰਕ ਤਨਾਉ ਨੂੰ ਪਰਿਭਾਸ਼ਿਤ ਕਰਦਿਆਂ ਕਿਹਾ ਹੈ ਕਿ ਇਹ ਤਨਾਉ ਪਰੰਪਰਾ ਅਤੇ ਪਰਿਵਰਤਨ ਵਿਚਲੇ ਵਿਰੋਧ ਕਾਰਨ ਪੈਦਾ ਹੁੰਦਾ ਹੈ । ਸਮੱਸਿਆ ਉਸ ਵੇਲੇ ਉਤਪੰਨ ਹੁੰਦੀ ਹੈ ਜਦੋਂ ਪਰੰਪਰਾ ਅਤੇ ਵਿਅਕਤੀ ਦੇ ਸੰਬੰਧ ਉਲਾਰ ਹੋ ਜਾਣ , ਇਹ ਅਸਲ ਵਿੱਚ ਸੰਕ੍ਰਾਂਤੀ ਦੀ ਅਵਸਥਾ ਹੁੰਦੀ ਹੈ । ਜਦੋਂ ਮਨੁੱਖ ਆਪਣੀਆਂ ਕਦਰਾਂ ਕੀਮਤਾਂ ਦਾ ਤਿਆਗ ਨਹੀਂ ਕਰ ਸਕਿਆ ਹੁੰਦਾ ਅਤੇ ਉਸ ਦੀਆਂ ਨਵੀਆਂ ਕਦਰਾਂ ਕੀਮਤਾਂ ਅਜੇ ਉਸਦੇ ਜਿਉਣ ਢੰਗ ਦਾ ਪੂਰੀ ਤਰਾਂ ਹਿੱਸਾ ਨਹੀਂ ਬਣੀਆਂ ਹੁੰਦੀਆਂ । ਇਸ ਤਰਾਂ ਪਰੰਪਰਾ ਅਤੇ ਆਧੁਨਿਕਤਾ ਦੇ

---

* ਮੁਖੀ ਪੋਸਟ ਗਰੈਜੁਏਟ ਪੰਜਾਬੀ ਵਿਭਾਗ, ਐਮ.ਜੀ.ਐਸ.ਐਮ. ਜਨਤਾ ਕਾਲਜ , ਕਰਤਾਰਪੁਰ

ਸੰਬੰਧ ਅਸਾਵੇ ਹੋ ਜਾਂਦੇ ਹਨ ਤੇ ਸਮਾਜ ਅੰਦਰ ਆਪਸੀ ਕਸ਼ਮਕਸ਼ ਕਾਰਨ ਸਭਿਆਚਾਰਕ ਤਨਾਉ ਦੀ ਅਵਸਥਾ ਪੈਦਾ ਹੋ ਜਾਂਦੀ ਹੈ ।

ਪਰਵਾਸੀ ਪੰਜਾਬੀ ਕਹਾਣੀ ਪੁਸਤਕ ਵਿੱਚ ਪਰਵਾਸੀ ਪੰਜਾਬੀ ਜੀਵਨ ਦੀਆਂ ਜਟਿਲਤਾਵਾਂ ਨੂੰ ਸਹੀ ਪਰਿਪੇਖ ਅਤੇ ਵਿਭਿੰਨ ਮਾਨਵੀ ਪਰਿਸਥਿਤੀਆਂ ਦੇ ਅੰਤਰਗਤ ਪੇਸ਼ ਕੀਤਾ ਗਿਆ ਹੈ । ਇਸ ਪੁਸਤਕ ਵਿਚਲੇ ਕਹਾਣੀਕਾਰ 'ਦੇਸ਼' ਅਤੇ 'ਵਿਦੇਸ਼ ਦੇ ਦੁੱਵਲੇ ਸਭਿਆਚਾਰਕ ਸੰਬੰਧਾਂ ਵਿੱਚ ਬੱਝੇ ਹੋਏ ਹਨ । ਇਨ੍ਹਾਂ ਦੋਹਾਂ ਸਭਿਆਚਾਰਾਂ ਦੀ ਇਤਿਹਾਸਿਕ , ਸਮਾਜਿਕ ਪਿੱਠਭੂਮੀ ਵਿੱਚ ਅੰਤਰ ਹੈ ਜੋ ਇਹਨਾਂ ਦੋਹਾਂ ਸਭਿਆਚਾਰਾਂ ਨੂੰ ਵੱਖ-ਵੱਖ ਰਹਿਤਲਾਂ ਪ੍ਰਦਾਨ ਕਰਦੀ ਹੈ ਅਤੇ ਮਿਲਣ ਬਿੰਦੂ ਤੇ ਤਨਾਉ ਪੈਦਾ ਕਰਦੀ ਹੈ । ਪ੍ਰੋ. ਸਰਬਜੀਤ ਸਿੰਘ ਦੇ ਸ਼ਬਦਾਂ ਵਿੱਚ :

> ਪਰਵਾਸੀ ਪੰਜਾਬੀ ਸਾਹਿਤ ਪਰਵਾਸ ਦੀਆਂ ਸਥਿਤੀਆਂ ਦੇ ਪ੍ਰਤੀਕਰਮ ਦਾ ਸਾਹਿਤਕ ਰੂਪਾਂਤਰਣਹੀ ਹੈ । ਜਿਸ ਵਿੱਚ ਦੋ ਸਭਿਆਚਾਰਾਂ ਦੇ ਦਵੰਦ ਵਿਚੋਂ ਪੈਦਾ ਹੋਏ ਸੰਕਟ ਨੂੰ ਪਰਵਾਸੀ ਪੰਜਾਬੀ ਲੇਖਕਾਂ ਨੇ ਆਪਣੀਆਂ ਰਚਨਾਵਾਂ ਦਾ ਆਧਾਰ ਬਣਾਇਆ ਹੈ । [3]

ਇਸ ਸਭਿਆਚਾਰਕ ਤਨਾਉ ਦੇ ਮੁੱਖ ਨੁਕਤਿਆਂ ਨੂੰ ਇਸ ਪੁਸਤਕ ਵਿੱਚ ਪ੍ਰਾਪਤ ਕਹਾਣੀਆਂ ਦੇ ਆਧਾਰ ਤੇ ਲੱਭਿਆ ਜਾ ਸਕਦਾ ਹੈ । ਸਭਿਆਚਾਰਕ ਤਨਾਉ ਦੇ ਨੁਕਤੇ ਤੋਂ ਸ਼ਿਵਚਰਨ ਗਿੱਲ ਦੀ ਕਹਾਣੀ 'ਬਦਖਲ' ਮਹੱਤਵਪੂਰਨ ਹੈ । ਇਸ ਕਹਾਣੀ ਦਾ ਸਿਰਲੇਖ ਸਾਨੂੰ ਬੇਦਖਲੀ ਦੇ ਕ੍ਰਿਆਤਮਕ ਤੇ ਸੰਦਰਭਾਤਮਕ ਅਰਥਾਂ ਤੱਕ ਲੈ ਜਾਂਦਾ ਹੈ । ਇਸ ਕਹਾਣੀ ਦਾ ਮੁੱਖ ਪਾਤਰ ਕੁਲਦੀਪ ਆਪਣੇ ਦੇਸ਼ ਤੋਂ ਬਰਤਾਨੀਆਂ ਉਚੇਰੀ ਸਿੱਖਿਆ ਗ੍ਰਹਿਣ ਕਰਨ ਲਈ ਪਰਵਾਸ ਧਾਰਨ ਕਰਦਾ ਹੈ । ਉਹ ਇੱਥੇ ਇੱਕ ਅੰਗਰੇਜ ਲੜਕੀ 'ਮੇਰੀਅਨ' ਨਾਲ ਸ਼ਾਦੀ ਕਰਕੇ ਇੱਕ ਲੜਕੀ 'ਕੋਲਿਟ' ਨਾਲ ਲੜਕੇ 'ਡੇਵਿਡ' ਦਾ ਬਾਪ ਬਣ ਜਾਂਦਾ ਹੈ । ਪ੍ਰੰਤੂ ਬਰਤਾਨੀਆਂ ਵਿੱਚ ਸਮਾਜਿਕ ਤਨਾਉ ਕਾਰਣ ਉਹ ਕੇਵਲ ਆਪਣੇ ਪਰਿਵਾਰ ਤੋਂ ਬੇਦਖਲ ਨਹੀਂ ਹੋ ਜਾਂਦਾ ਸਗੋਂ 'ਆਪਣੀ ਧਰਤੀ' ਅਤੇ 'ਪਰਾਈ ਧਰਤੀ' ਦੋਨਾਂ ਤੋਂ ਬੇਦਖਲ ਹੋ ਕੇ ਮਾਨਸਿਕ ਤੌਰ ਤੇ ਆਪਣੇ-ਆਪ ਤੋਂ ਬੇਦਖਲ ਹੋ ਜਾਂਦਾ ਹੈ ।ਕੁਲਦੀਪ ਦਾ ਪਿਉ ਜੋਗਿੰਦਰ ਆਪਣੇ ਸਭਿਆਚਾਰਕ ਸ਼ਨਾਖਤ ਨੂੰ ਜੀਵੰਤ ਰੱਖਣ ਲਈ ਅਤੇ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਦੇ ਅਨੁਕੂਲ ਰੂਪਾਂਰਿਤ ਕਰਨ ਲਈ ਉਨ੍ਹਾਂ ਨੂੰ ਵਿਆਹ ਸ਼ਾਦੀਆਂ ਉਤੇ ਜਾਂ ਗੁਰਦੁਆਰੇ ਲੈ ਜਾਣਾ ਜਰੂਰੀ ਸਮਝਦਾ ਹੈ ਪ੍ਰੰਤੂ ਉਸਦੀ ਹਉਂ ਵਿਉਂਤ ਉਸ ਵਕਤ ਜ਼ਖਮੀ ਹੋ ਜਾਂਦੀ ਹੈ ਜਦੋਂ ਬੱਚੇ ਅਨੁਸ਼ਾਸਨ ਅਤੇ ਮੂਲ ਸਭਿਆਚਾਰ ਤੋਂ ਬਾਗੀ ਹੋ ਜਾਂਦੇ ਹਨ ਤੇ ਕਹਿੰਦੇ ਹਨ :

> "ਬੋਰਿੰਗ , ਬੋਰਿੰਗ, ਵੀ ਡੌਂਟ ਲਾਈਕ ਯੂਅਰ ਗਾਡ ਕਰਾਈਸਟ ਇਜ਼ ਸੁਪਰ ਸਟਾਰ " [4]

ਇਸ ਤਰਾਂ ਹੀ ਪੁੱਤਰ ਦੀ ਪਤਨੀ ਵਲੋਂ ਘਰ ਵਿੱਚ ਸਿਗਰੇਟ ਦੀ ਵਰਤੋਂ ਉਸ ਲਈ ਅਸਹਿ ਹੈ ਕਿਉਂਕਿ ਇਹ ਲੱਛਣ ਘਰੋਗੀ ਜਾਂ ਸਭਿਆਚਾਰਕ ਦਾਇਰਿਆ ਵਿੱਚ ਉਸ ਅਨੁਸਾਰ ਨਹੀਂ ਸੀ । ਇਨ੍ਹਾਂ ਹੀ ਨਹੀਂ ਮੇਰੀਅਨ ਦੇ ਪਿਉ ਵਲੋਂ ਆਪਣੇ ਦਾਮਾਦ ਬਾਰੇ ਅਜਿਹੇ ਸ਼ਬਦ :

> " ਏਸ ਕਾਲੇ ਕੁੱਤੇ ਨੂੰ ਸੰਗਲੀ ਪਾ ਕੇ ਰੱਖਿਆ ਕਰ " [5]

ਮਰਿਆਦਾਵਾਂ ਤੇ ਦਾਇਰਿਆ ਦੀ ਵਿਸਫੋਟਕ ਸਥਿਤੀ ਹੋ ਵਾਪਰਦੀ ਹੈ । ਇਸ ਤਰ੍ਹਾਂ ਇਹ ਕਹਾਣੀ ਵਿਹਾਰਕ ਪੱਧਰ ਤੇ ਸਭਿਆਚਾਰਕ ਰਿਸ਼ਤਿਆ ਦੇ ਤਨਾਉ ਨੂੰ ਹੰਢਾਉਂਦੀ ਹੈ । ਇਨ੍ਹਾਂ ਰਿਸ਼ਤਿਆਂ ਦੀ ਮੂਲ ਛੋਹ ਆਪਣੇ ਆਪਣੇ

ਸਭਿਆਚਾਰਕ ਰਿਸ਼ਤਿਆਂ ਦੀ ਉਤਮਤਾਂ ਦੀ ਹਉਮੈ ਨਾਲ ਬੱਝੀ ਹੋਈ ਹੈ । ਸੋ ਸਭਿਆਚਾਰਕ ਤਨਾਉ ਇਸ ਕਹਾਣੀ ਦੀ ਅਜਿਹੀ ਆਧਾਰ ਭੂਮੀ ਹੈ ਜੋ ਭਵਿੱਖ ਵਿੱਚ ਸੰਭਾਵੀ ਖਤਰਿਆਂ ਦੀ ਭਵਿੱਖਬਾਣੀ ਕਰ ਰਹੀ ਹੈ ।

ਤਰਸੇਮ ਨੀਲਗਿਰੀ ਰਚਿਤ ਕਹਾਣੀ 'ਦੋ ਕਿਨਾਰੇ' ਵੀ ਆਪਣੀ ਬਹੁ ਭਾਵੀ ਪ੍ਰਕਿਰਤੀ ਦੁਆਰਾ ਸਭਿਆਚਾਰਕ ਤਨਾਉ ਦੀ ਸਮੱਸਿਆ ਦਾ ਪ੍ਰਸੰਗ ਛੇੜਦੀ ਹੈ। ਇਸ ਕਹਾਣੀ ਦਾ ਮੁੱਖ ਪਾਤਰ ਪਾਖਰ ਸਿੰਘ ਵਿਦੇਸ਼ ਵਿਚਲੇ ਨਸਲੀ ਵਿਤਕਰੇ ਤੋਂ ਆਤੰਕਿਤ ਹੋ ਕੇ ਆਪਣੀ ਮਾਂ ਭੂਮੀ ਕੋਲ ਪਨਾਹ ਮੰਗਣ ਲਈ ਆਇਆ ਹੈ । ਪ੍ਰੰਤੂ ਆਰਥਿਕ ਸਥਿਤੀ ਜੋ ਕਿ ਪਹਿਲਾਂ ਵੀ ਉਸਦੇ ਵਲੈਤ ਜਾਣ ਦੀ ਚਾਲਕ ਸ਼ਕਤੀ ਸੀ ਉਥੇ ਦੀ ਉਥੇ ਹੈ ਤੇ ਉਸ ਨੂੰ ਵਾਪਿਸ ਜਾਣ ਲਈ ਮਜਬੂਰ ਕਰਦੀ ਹੈ । ਸੋ ਕਹਾਣੀਕਾਰ ਨੇ ਇੱਥੇ ਆਰਥਿਕ ਅਤੇ ਸਮਾਜਿਕ ਗਤੀਵਿਧੀਆਂ ਦੇ ਆਧਾਰ ਤੇ ਸਭਿਆਚਾਰਕ ਤਨਾਉ ਨੂੰ ਰੂਪਮਾਨ ਕੀਤਾ ਹੈ । ਕਹਾਣੀਕਾਰ ਦੇ ਸੰਵਾਦ ਹਨ :

ਪਾਖਰ ਸਿੰਘ ਨੇ ਆਪਣੀ ਨਿੱਕੀ-ਨਿੱਕੀ ਕੰਡਿਆਲੀ ਦਾਹੜੀ ਵਿੱਚ ਹੱਥ ਫ਼ੇਰਿਆ ।

ਪਹਿਲਾਂ ਕਾਣ ਤੇਰਾ ਗੋਰਿਆ ਨੇ ਕੀਤਾ ਸੀ । [6]

ਇਥੇ ਦਾਹੜੀ ਨਾਇਕ ਦਾ ਧਾਰਮਿਕ ਕੋਡ ਵੀ ਹੈ । ਇਹ ਸ਼ਨਾਖਤੀ ਕੋਡ ਉਸਦੇ ਪਰਵਾਸ ਕਾਰਣ ਹੁਣ ਮਿਟ ਚੁੱਕਾ ਸੀ । ਇਸ ਤਰ੍ਹਾਂ ਗੋਰਿਆ ਨੇ ਉਸਨੂੰ ਰੁਜ਼ਗਾਰ ਦੇਣ ਤੋਂ ਪਹਿਲਾਂ ਹੀ ਉਸਦੀ ਧਾਰਮਿਕ ਅਤੇ ਸਭਿਆਚਾਰਕ ਪਛਾਣ ਨੂੰ ਛਾਂਗਿਆ ਅਤੇ ਆਪਣੇ ਅਨੁਕੂਲ ਬਣਾਕੇ ਉਸਨੂੰ ਉਸਦੇ ਸਮੁੱਚੇ ਵਿਅਕਤੀਗਤ ਅਤੇ ਇਤਿਹਾਸਕ ਸੰਦਰਭ ਤੋਂ ਵਿਛੁੰਨਣ ਦੀ ਕੋਸ਼ਿਸ ਕੀਤੀ ਹੈ । ਡਾ. ਹਰਚੰਦ ਸਿੰਘ ਬੇਦੀ ਆਪਣੀ ਪੁਸਤਕ ਬਰਤਾਨਵੀ ਪੰਜਾਬੀ ਗਲਪ ਵਿੱਚ ਲਿਖਦੇ ਹਨ :

ਨਸਲਵਾਦੀ ਪਰਿਪੇਖ ਅਨੁਸਾਰ ਇਹ ਕਹਾਣੀ ਇਗਲੈਂਡ
ਵਿੱਚ ਪੰਜਾਬੀਆਂ ਦੀ ਸਥਿਤੀ , ਨਸਲੀ ਵਿਤਕਰੇ ,
ਸਭਿਆਚਾਰਕ ਵਖਰੇਵੇਭ ਤੇ ਵਰਤਮਾਨ ਰਾਜਨੀਤਿਕ ਸਥਿਤੀ
ਨਾਲ ਵੀ ਵਾਕਫ ਕਰਵਾਉਂਦੀ ਹੈ , ਉਨ੍ਹਾਂ ਤਨਾਉ ਯੁਕਤ
ਵਿਰੋਧ ਸਿਰਜਣ , ਤ੍ਰਾਸਦੀ ਮੂਲਕ ਪ੍ਰਸਥਿਤੀਆਂ ਬਾਰੇ ਵੀ
ਗਿਆਨ ਦਿੰਦੀ ਹੈ ਜਿਹੜੀਆਂ ਪਰਵਾਸੀਆਂ ਦੇ ਅੰਦਰਲੇ ਅਤੇ
ਬਾਹਰਲੇ ਮਾਨਸਿਕ ਸੰਸਾਰ ਦੇ ਦਵੰਦ ਨੂੰ ਚਿਤਰਦੀਆਂ ਹਨ । [7]

ਸਵਰਨ ਚੰਦਰ ਦੀ ਕਹਾਣੀ ਫ੍ਰੀ ਸੋਸਾਇਟੀ ਵਿੱਚ ਸਭਿਆਚਾਰਕ ਤਨਾਉ ਦੀ ਤਸਵੀਰ ਹੈ ਜਿਹੜੀ ਪਦਾਰਥਕ ਸਭਿਆਚਾਰ ਦੀਆਂ ਪ੍ਰਾਪਤੀਆਂ ਅਤੇ ਪ੍ਰਤਿਮਾਨਕ ਸਭਿਆਚਾਰ ਦੇ ਅਨੁਕੂਲੀਕਰਣ ਵਿੱਚੋਂ ਪੈਦਾ ਹੁੰਦੀ ਹੈ । ਇਹ ਕਹਾਣੀ ਜਿੱਥੇ ਪਰਵਾਸੀ ਪੰਜਾਬੀਆਂ ਦੇ ਪਰਿਵਾਰਕ ਜੀਵਨ ਦੀ ਵਿਹਾਰਕ ਝਲਕ ਪੇਸ਼ ਕਰਦੀ ਹੈ ਉਥੇ ਪੂੰਜੀਵਾਦੀ ਸਮਾਜ ਦੀਆਂ ਖੁੱਲਾਂ ਅਤੇ ਜੀਵਨ ਦ੍ਰਿਸ਼ਟੀ ਵਿੱਚ ਅੰਤਰ ਕਾਰਣ ਨੌਜਵਾਨ ਪੀੜੀ ਦੇ ਕਿਰਦਾਰ ਨੂੰ ਸਮਾਜਿਕ ਅਤੇ ਮਾਨਸਿਕ ਤਨਾਉ ਦੇ ਪ੍ਰਸੰਗ ਵਿੱਚ ਚਿਤਰਿਆ ਹੈ । [8] ਇਸ ਕਹਾਣੀ ਵਿੱਚ 'ਸੀਮਾ' ਜੋ ਕਿ ਪੱਛਮੀ ਸਭਿਆਚਾਰ ਤੋਂ ਕਾਫ਼ੀ

ਪ੍ਰਭਾਵਿਤ ਹੈ ਉਸ ਨੂੰ ਮਾਪਿਆਂ ਵਲੋਂ ਸਾਪੇਖ ਸੁਤੰਤਰਤਾ ਪ੍ਰਾਪਤ ਹੈ । ਪ੍ਰੰਤੂ ਜਦੋਂ ਗੱਲ ਜਿਨਸੀ ਸੰਬੰਧਾਂ ਦੀ ਆਉਂਦੀ ਹੈ ਤਾਂ ਸਾਂਸਕ੍ਰਿਤਕ ਪ੍ਰਤੀਮਾਨ ਵਿੱਚ ਆ ਖੜੋਂਦੇ ਹਨ ਪਰ ਫ਼ਿਰ ਵੀ ਉਸਦੇ ਮਾਪੇ ਉਸਨੂੰ ਰੋਕਣ ਤੋਂ ਅਸਮਰਥ ਰਹਿੰਦੇ ਹਨ । ਸਿੱਟੇ ਵਜੋਂ ਪੀੜੀ ਪਾੜੇ ਦਾ ਤਨਾਉ ਸਭਿਆਚਾਰਕ ਤਨਾਉ ਵਿੱਚ ਰੁਪਾਂਤ੍ਰਿਤ ਹੋ ਜਾਂਦਾ ਹੈ ।ਸੀਮਾ ਦੀ ਮਾਂ ਦੇ ਇਹ ਲਫ਼ਜ਼ ਇਸਦੀ ਪ੍ਰੋੜਤਾ ਕਰਦੇ ਹਨ ਕਿ :

"ਦੇਅ ਬਲੱਡੀ ਸੇਅ ਇਟ ਇਜ ਏ ਫ੍ਰੀ
ਸੁਸਾਇਟੀ ਬੱਟ ਆਈ ਕਾਲ ਇਟ ਵੇ
ਸਿੱਕ ਸੁਸਾਇਟੀ-ਬਿਮਾਰ ਸਮਾਜ ।" [9]

ਸ਼ਾਦੀ ਵਲ ਜਾਂਦੀ ਸੜਕ ਕਹਾਣੀ ਵਿੱਚ ਵੀ ਰਵਿੰਦਰ ਨੇ ਪਰਵਾਸੀ ਪੰਜਾਬੀ ਪਰਿਵਾਰਾਂ ਦੀ ਪਰਾਈ ਧਰਤੀ ਤੇ ਹੋ ਰਹੀ ਸਮਾਜਿਕ ਰਿਸ਼ਤਿਆਂ ਦੀ ਟੁੱਟ-ਭੱਜ ਦੇ ਨਾਲ ਪੱਛਮੀ ਪ੍ਰਭਾਵ ਅਧੀਨ ਪ੍ਰਾਪਤ ਨਵੀਂ ਚੇਤਨਾ ਨੂੰ ਪੁਰਾਣੀ ਪੀੜ੍ਹੀ ਦੀ ਪਰੰਪਰਾਗਤ ਸੋਚ ਦੇ ਸੰਦਰਭ ਵਿੱਚ ਪੇਸ਼ ਕੀਤਾ ਹੈ ।ਇਸ ਕਹਾਣੀ ਵਿਚਲੀ ਸੋਹਣੀ ਜੋ ਕਿ ਇੰਦਰ ਸਿੰਘ ਦੀ ਬੇਟੀ ਹੈ ਕਨੇਡਾ ਵਰਗੇ ਬਹੁ-ਭਾਸ਼ੀ ਅਤੇ ਬਹੁ-ਸਭਿਆਚਾਰਕ ਦੇਸ਼ ਵਿੱਚ ਰਹਿੰਦਿਆ ਹੋਇਆ ਵੀ ਆਪਣੇ ਮੂਲ ਸਭਿਆਚਾਰ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਹੈ । ਉਸ ਦੇ ਇਸ ਤਰ੍ਹਾਂ ਦੇ ਵਰਤਾਰੇ ਤੇ ਉਸਦੇ ਮਾਪੇ ਬਹੁਤ ਖੁਸ਼ ਹਨ ਪ੍ਰੰਤੂ ਸਮੱਸਿਆ ਉਸ ਵੇਲੇ ਉਤਪੰਨ ਹੁੰਦੀ ਹੈ ' ਜਦ ਸੋਹਣੀ ਆਪਣੀ ਇੱਛਾ ਅਨੁਸਾਰ ਇੱਕ ਨਿਮਨ ਜਾਤੀ ਦੇ ਲੜਕੇ ਜੋਗਿੰਦਰ ਨਾਲ ਸ਼ਾਦੀ ਕਰਵਾਉਣਾ ਚਾਹੁੰਦੀ ਹੈ । ਅੰਤ ਵਿੱਚ ਉਹ ਬਾਗੀ ਹੋ ਕੇ 'ਫਰਟਿਲਟੀ ਟੈਸਟ' ਕਰਵਾ ਲੈਂਦੀ ਹੈ । ਸੋਹਣੀ ਦੇ ਇਹ ਲਫ਼ਜ ਕਹਾਣੀਕਾਰ ਦੀ ਸਾਂਸਕ੍ਰਿਤਕ ਚੇਤਨਾ ਨੂੰ ਵੀ ਦਰਸਾਉਂਦੇ ਹਨ ਕਿ :

"ਤੁਸੀ ਸਾਨੂੰ ਸਾਡੀਆਂ ਜੜ੍ਹਾਂ ਤੇ ਕਲਚਰ ਦੇ ਨਾਮ ਉਤੇ ਹੁਣ ਤਕ ਬਲੈਕ ਮੈਲ ਹੀ ਕਰਦੇ ਰਹੇ ਹੋ ਤੇ ਹੁਣ ਤੁਸੀ ਆਪਣੀ ਧੀ ਦੀਆਂ ਸਾਰੀਆਂ ਖੁਸ਼ੀਆਂ ਇਨ੍ਹਾਂ ਜੜ੍ਹਾਂ ਅਤੇ ਏਸ ਕਲਚਰ ਦੀ ਬਲੀ ਚੜਾ ਦੇਣਾ ਚਾਹੁੰਦੇ ਹੋ ਸਦਾ ਸਦਾ ਲਈ ਤਾਂ ਕਿ ਤੁਹਾਡਾ ਨੱਕ ਹੋਰ ਵਧੇਰੇ ਉਚੱਾ ਹੋ ਸਕੇ । " [9]

ਇਸੇ ਤਰ੍ਹਾਂ ਪੰਜਾਬੀ ਕਹਾਣੀ ਵਿੱਚ ਦਰਜ ਡਾ. ਸਾਧੂ ਸਿੰਘ ਦੁਆਰਾ ਲਿਖਤ ਕਹਾਣੀ ਪੁਰਸਲਾਤ ਵਿੱਚ ਚੱਠਾ ਸਾਹਿਬ ਜੋ ਕਿ ਬਿਮਾਰ ਹਨ ਅਤੇ ਵਿਦੇਸ਼ ਵਿੱਚ ਹਨ ਆਪਣੀ ਧੀ ਦੀ ਦੇਖਭਾਲ ਵਿੱਚ ਹਨ । ਧੀ ਦੇ ਘਰ ਕਿਸੇ ਬੁੱਢੇ ਪਿਉ ਦਾ ਨਿਵਾਸ ਕਰਨਾ ਪੰਜਾਬੀ ਸੰਸਕ੍ਰਿਤੀ ਦੇ ਅਨੁਸਾਰੀ ਨਹੀਂ । ਇਸੇ ਗਮ ਕਾਰਨ ਹੀ ਚੱਠਾ ਸਾਹਿਬ ਖਤਮ ਹੋ ਜਾਂਦੇ ਹਨ । ਇਸ ਤਰ੍ਹਾਂ ਇਹ ਕਹਾਣੀ ਪਰਵਾਸੀਆਂ ਦੀ ਦਵੰਦਮਈ ਮਾਨਸਿਕ ਅਵਸਥਾ ਨੂੰ ਪੰਜਾਬੀ ਸਭਿਆਚਾਰ ਦੇ ਪ੍ਰਸੰਗ ਵਿੱਚ ਯਥਾਰਥ ਰੂਪ ਵਿੱਚ ਉਸਾਰਨ ਦਾ ਯਤਨ ਕਰਦੀ ਹੈ । ਇਹ ਕਹਾਣੀ ਮਨੁੱਖੀ ਰਿਸ਼ਤਿਆਂ ਦੀ ਪਰਵਾਸ ਦੇ ਪ੍ਰਸੰਗ ਵਿੱਚ ਟੁੱਟ-ਭੱਜ ਨੂੰ ਸਮਾਜ ਸਭਿਆਚਾਰਕ ਪਰਿਪੇਖ ਤੋਂ ਪੇਸ਼ ਕਰਦੀ ਹੈ ।

ਉਪਰੋਕਤ ਵਿਚਾਰ ਚਰਚਾ ਇਸ ਗੱਲ ਵਲ ਸੰਕੇਤ ਕਰਦੀ ਹੈ ਕਿ ਪਰਵਾਸੀ ਪੰਜਾਬੀ ਕਹਾਣੀ ਵਿੱਚ ਪ੍ਰਾਪਤ ਸਭਿਆਚਾਰਕ ਤਨਾਉ ਮੁੱਖ ਸਭਿਆਚਾਰ/ ਗੌਣ ਸਭਿਆਚਾਰ ਮੂਲਵਾਸੀ/ ਪਰਵਾਸੀ , ਹਾਕਮ/ਗੁਲਾਮ , ਆਪਣੇ ਦੇਸ਼/ਪਰਾਏ ਦੇਸ਼ ਅਨੁਕੂਲੀਕਰਨ/ ਵਿਲਕੀਕਰਣ , ਪੂੰਜੀਵਾਦੀ ਸਭਿਆਚਾਰ/ਸਾਮੰਤੀ ਸਭਿਆਚਾਰ ਆਦਿ ਵਿਰੋਧੀ ਜੁੱਟਾਂ ਵਿੱਚ ਪ੍ਰਤੀਬਿੰਬਤ ਹੁੰਦਾ ਹੈ ।

ਜਿਸ ਨੂੰ ਨਿਮਨ ਰੇਖਾ-ਚਿੱਤਰ ਦੁਆਰਾ ਵੀ ਦਰਸਾਇਆ ਜਾ ਸਕਦਾ ਹੈ :




ਡਾ. ਸਵਰਨ ਚੰਦਨ ਦਾ ਇਹ ਵਿਚਾਰ ਸਭਿਆਚਾਰਕ ਤਨਾਉ ਦੇ ਸੰਦਰਭ ਵਿੱਚ ਦਰੁਸਤ ਜਾਪਦਾ ਹੈ ਕਿ ।:

> ਨਸਲੀ ਖਾਰਜਤਾ ਉਹ ਪ੍ਰਕਿਰਿਆਂ ਹੈ ਜਿਹੜੀ ਪਰਵਾਸੀ ਨੂੰ ਸਮਾਜ ਦੇ ਕਿਨਾਰੇ ਉਤੇ ਲਿਆ ਖੜਾ ਕਰਦੀ ਹੈ । ਇਥੇ ਖੜਾ ਹੀ ਉਹ ਭੂ-ਹੇਰਵਾ ਗ੍ਰਸਤ ਹੁੰਦਾ ਹੈ ਨਸਲਵਾਦ ਦੀ ਹੋਂਦ ਬਹੁਤ ਹੱਦ ਤਕ ਸਭਿਆਚਾਰਕ ਤਨਾਉ ਦਾ ਕਾਰਨ ਬਣਦੀ ਹੈ,
> ਤੇ ਇਸੇ ਤਰ੍ਹਾਂ ਮਨੁੱਖ ਦੀ ਬੇਗਨਾਗੀ ਵਿੱਚ ਵਾਧਾ ਹੁੰਦਾ ਹੈ ।

**ਹਵਾਲੇ ਅਤੇ ਟਿੱਪਣੀਆਂ :**

---

1. ਡਾ. ਸੁਰਿੰਦਰਪਾਲ ਸਿੰਘ( ਸੰਪਾ.) ,ਪਰਵਾਸੀ ਪੰਜਾਬੀ ਕਹਾਣੀ, ਪੰਨਾ 8.
2. Culture Tension is made up of two words the first cultural which means exactly the same as culture. Culture is the way of life shared by people and the second word is tension which means. ”A feeling that is produced in a situation when people are anxious and do not trust each other with possibility of conflict or violence-as entitled by website WWW.Cultural Tension blogspot.in
3. ਸਰਬਜੀਤ ਸਿੰਘ , ਪਰਵਾਸੀ ਪੰਜਾਬੀ ਸਹਿਤ , ਪੰਨਾ 58
4. ਸੁਰਿੰਦਰਪਾਲ ਸਿੰਘ( ਸੰਪਾ.), ਪਰਵਾਸੀ ਪੰਜਾਬੀ ਕਹਾਣੀ, 2004 ,ਪੰਨਾ 18

5. ਉਹੀ , ਪੰਨਾ 20
6. ਉਹੀ ਪੰਨਾ 72
7. ਡਾ. ਹਰਚੰਦ ਸਿੰਘ ਬੇਦੀ , ਪਰਵਾਸੀ ਪੰਜਾਬੀ ਸਹਿਤ , ਉਹੀ ਪੰਨਾ 92
8. A new aspect of this crisis appeared in the form of generation gap . The new generation on of the immigrants who have been brought up in a western way of life are free from the taboo ridden thinking of their parents the confrontation between the parents and their young daughter describes the generation gap . Seema , the daughter wants to move around as freely as her English girl friend , Her parents don't approve of her behavior but when they try to control her she revolts . out of revenge , she in indulges in the physical relationship with her boy friend this creates extreme tension-as quitted by the website entitled www.tribune india. Com
9. ਫਿਰ ਉਹੀ , ਪੰਨਾ 110
10. ਸਵਰਨ ਚੰਦਨ , ਪਰਵਾਸੀ ਪੰਜਾਬੀ ਸਾਹਿਤ , ਪੰਨਾ 38